ਇਹ ਪੁਸਤਕਾ 'ਫਲਾਈਂਗ ਸਿੱਖ' ਮਿਲਖਾ ਸਿੰਘ ਦੀ 'ਫਲਾਈਂਗ ਸ਼ੈਲੀ' ਵਿਚ ਲਿਖੀ ਭਾਵਭਿੰਨੀ ਸੰਖੇਪ ਜੀਵਨੀ ਹੈ। ਇਸ ਰਾਹੀਂ ਨਵੀਂ ਪੀੜ੍ਹੀ ਨੂੰ ਸੁਨੇਹਾ ਦਿੱਤਾ ਗਿਐ ਪਈ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧੋ ਤੇ ਮਿਹਨਤ ਤੋਂ ਜੀਅ ਨਾ ਚੁਰਾਓ। ਜਿੱਤਾਂ ਤੁਹਾਨੂੰ ਅੱਗੇ ਵਧਣ ਲਈ ਉਡੀਕ ਰਹੀਆਂ ਨੇ। ਪਰਵਾਸੀ ਅਦਾਰੇ ਵੱਲੋਂ ਇਸ ਨੂੰ ਤੁਰਤ ਫੁਰਤ ਛਾਪਣ ਦਾ ਸਬੱਬ ਮਿਲਖਾ ਸਿੰਘ ਜੀ ਦੇ ਖ਼ੁਦ ਟੋਰਾਂਟੋ ਆਉਣ ਕਾਰਨ ਬਣਿਆ। ਉਹ ਛੇਵੇਂ ਪਰਵਾਸੀ ਅਵਾਰਡਜ਼ ਸਮਾਗਮ ਦੇ ਮੁੱਖ ਮਹਿਮਾਨ ਹਨ। ਉਹੀ ਇਸ ਨੂੰ ਲੋਕ ਅਰਪਣ ਕਰ ਰਹੇ ਹਨ। ਮਿਲਖਾ ਸਿੰਘ ਦੇ ਪਰਸੰਸਕ ਚਾਹੁੰਦੇ ਸਨ ਕਿ ਉਨ੍ਹਾਂ ਨੂੰ ਮਹਾਨ ਦੌੜਾਕ ਦੇ ਦਸਖ਼ਤਾਂ ਵਾਲੀ ਕੋਈ ਯਾਦਗਾਰੀ ਨਿਸ਼ਾਨੀ ਮਿਲੇ ਜਿਸ ਨੂੰ ਉਹ ਡਰਾਇੰਗ ਰੂਮਾਂ ਵਿਚ ਸਜਾ ਸਕਣ। ਸਿਰਮੌਰ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਇਹ ਪੁਸਤਕਾ ਲਿਖ ਕੇ ਮਿਲਖਾ ਸਿੰਘ ਹੱਥੋਂ ਦਿੱਤੀ ਜਾਣ ਵਾਲੀ ਪਿਆਰ ਭੇਟਾ ਤਿਆਰ ਕੀਤੀ ਹੈ ਜਿਸ ਲਈ ਉਨ੍ਹਾਂ ਦਾ ਧੰਨਵਾਦ ਹੈ।

–ਅਦਾਰਾ ਪਰਵਾਸੀ



ਪ੍ਰਿੰਸੀਪਲ
ਸਰਵਣ ਸਿੰਘ